Surrey Schools
LEADERSHIP IN LEARNING

Tel: 604.596.7733
www.sd36.bc.ca

# ਹੈਲੋਵੀਨ ਦੇ ਸਮੇਂ ਸੁਰਖਿੱਆ ਦੇ ਇਸ਼ਾਰੇ

## (Halloween “Trick or Treat” Safety Tips)

### ਪੁਸ਼ਾਕ ਦੀ ਸੁਰਖਿੱਆ

- ਇਹ ਜ਼ਰੂਰੀ ਹੈ ਕਿ ਦੂਸਰੇ ਡਰਾਈਵਰ ਤੁਹਾਡੇ ਬੱਚਿਆਂ ਨੂੰ ਦੇਖ ਸਕਣ । ਇਸ ਕਰਕੇ ਚਮਕਦੇ ਕੱਪੜੇ, ਚਮਕਦੀ ਟੇਪ ਅਤੇ ਟੋਰਚ ਦੀ ਵਰਤੋਂ ਕਰੋ । ਆਪਣੇ ਨਾਲ ਇੱਕ ਗਲੋ ਸਟਿਕ ਲਓ ਜੋ ਦੂਰ ਤੋਂ ਦਿਖਾਈ ਦਿੰਦੇ ਹਨ ।
- ਇਹ ਜ਼ਰੂਰੀ ਹੈ ਕਿ ਬੱਚਾ ਵੀ ਆਪਣੇ ਅੱਗੇ ਦੇਖ ਸਕੇ । ਇਸ ਲਈ ਮਾਸਕ ਦੀ ਵਰਤੋਂ ਨਾ ਕਰੋ ਅਤੇ ਮੂੰਹ ਰੰਗ ਲਓ ।
- ਤਾਂ ਕਿ ਬੱਚਾ ਗਿਰ ਨਾ ਜਾਵੇ, ਓਸਦੀ ਪੁਸ਼ਾਕ ਗਿੱਟਿਆਂ ਤੋਂ ਨੀਵੀਂ ਨਾ ਦਿਓ ।



### ਟਰਿਕ ਅਤੇ ਟਰੀਟ ਵੇਲੇ ਦੀ ਸੁਰਖਿੱਆ

- ਇਕੱਠੇ ਹੋ ਕਿ ਇੱਕ ਜੁੰਡਲੀ ਵਿੱਚ ਪਹਿਲਾਂ ਇਕ ਵਾਲੇ ਪਾਸੇ ਦੇ ਘਰ ਤੇ ਫਿਰ ਦੂਸਰੇ ਪਾਸੇ ਦੇ ਘਰਾਂ ਵਿੱਚ ਜਾਓ ।
- ਸੜਕ ਸਿਰਫ ਚੁਰਸਤੇ ਤੋਂ ਜਾਂ ਕਰੌਸਵਾਕ ਦੀ ਥਾਂ ਤੋਂ ਹੀ ਪਾਰ ਕਰੋ ।
- ਕਦੇ ਵੀ ਸੜਕ ਕਾਰਾਂ ਦੇ ਵਿੱਚ ਦੀ ਹੋ ਕਿ ਨਾਂ ਪਾਰ ਕਰੋ । ਨਾਂ ਹੀ ਕਦੇ ਬਲਾਕ ਦੇ ਅੱਧ ਵਿੱਚੋਂ ਸੜ੍ਹਕ ਪਾਰ ਕਰੋ ।
- ਜਿਥੇ ਸੰਘਣੀ ਆਬਾਦੀ ਹੋਵੇ ਅਤੇ ਸੜਕਾਂ ਵਿੱਚ ਰੋਸਨੀ ਹੋਵੇ ਅਤੇ ਜਿਹਨਾਂ ਘਰਾਂ ਦੀਆਂ ਬੱਤੀਆਂ ਜਗ ਰਹੀਆਂ ਹੋਣ ਓਹਨਾਂ ਹੀ ਘਰਾਂ ਵਿੱਚ ਜਾਓ । ਕਿਸੇ ਘਰ ਦੇ ਅੰਦਰ ਕਦੇ ਵੀ ਨਹੀਂ ਜਾਣਾ ਚਾਹੀਦਾ ।
- ਨਾਲ ਇੱਕ ਸੈਲੱ ਫ਼ੂਨ ਲੈ ਕਿ ਜਾਓ ਤਾਂ ਕਿ ਖਤਰੇ ਵਿੱਚ ਮਦਦ ਮੰਗ ਲਈ ਜਾ ਸਕੇ ।
- ਇਸ ਤੋਂ ਪਹਿਲਾਂ ਕਿ ਬੱਚੇ ਇਕੱਠੀਆਂ ਹੋਈ ਕੈਂਡੀਆਂ ਇਤਆਦਿ ਖਾਣ, ਸਭ ਕੁੱਝ ਦਾ ਮੁਆਇਨਾ ਕਰੋ । ਜਿਹਨਾਂ ਵਸਤੂਆਂ ਨੂੰ ਇੱਕ ਕਾਗਜ਼ ਵਿੱਚ ਫੈਕਟਰੀ ਤੋਂ ਹੀ ਲਵੇਟਿਆਂ ਨਹੀਂ ਹੋਇਆਂ ਓਹ ਨਾਂ ਖਾਓ ਅਤੇ ਕੂੜੇ ਕਰਕਟ ਵਿੱਚ ਸੁੱਟ ਦਿਓ ।



### ਗੱਡੀ ਚਲਾਓਣ ਵੇਲੇ ਸੁਰਖਿੱਆ

- ਅਗਰ ਤੁਸੀਂ ਹੈਲੋਵੀਨ ਵਾਲੀ ਰਾਤ ਗੱਡੀ ਚਲਾਓਣੀ ਹੈ ਤਾਂ ਖਾਸ ਧਿਆਨ ਵਿੱਚ ਰਹੋ । ਹੋਲੀ ਚਲੋ ਅਤੇ ਸਾਹਮਣੇ ਦੇਖੋ । ਆਪਣੇ ਆਲੇ ਦੁਆਲੇ ਦਾ ਖਿਆਲ ਰੱਖੋ । ਬੱਚੇ ਅਕਸਰ ਇਸ ਦਿਨ ਕਾਫੀ ਜੋਸ਼ ਵਿੱਚ ਹੁੰਦੇ ਹਨ ਅਤੇ ਸੁਰਖਿੱਆ ਬਾਰੇ ਭੁੱਲ ਸਕਦੇ ਹਨ।
- ਚੁਰਸਤਿਆਂ ਅਤੇ ਕਰਾਸਵਾਕਾਂ ਵਲ ਖਾਸ ਧਿਆਨ ਦਿਓ ।
- ਜਿਹੜੇ ਬੱਚੇ ਇਧਰ ਓਧਰ ਸੜਕਾਂ ਵਿੱਚ ਨੱਠ ਭੱਜ ਕਰਦੇ ਹਨ, ਓਹਨਾਂ ਲਈ ਰੁਕਣ ਲਈ ਤਿਆਰ ਰਹੋ ।
- ਯਾਦ ਰਹੇ ਕਿ ਇਸ ਦਿਨ ਤੁਰਨ ਵਾਲਿਆਂ ਦੀ ਗਿਣਤੀ ਕਾਫੀ ਹੁੰਦੀ ਹੈ ਅਤੇ ਸਾਰੇ ਹੀ ਬੱਚੇ ਅਕਸਰ ਜੋਸ਼ ਨਾਲ ਭਰੇ ਹੁੰਦੇ ਹਨ ।
- ਅਗਰ ਤੁਸੀਂ ਕਿਸੇ ਵੀ ਕਿਸਮ ਦੀ ਪਾਰਟੀ ਜਾਂ ਜਸ਼ਨ ਵਿੱਚ ਹਿੱਸਾ ਲੈ ਰਹੋ ਤਾਂ ਸ਼ਰਾਬ ਪੀ ਕਿ ਗੱਡੀ ਨਾਂ ਚਲਾਓ ।

**ਛੋਟੇ ਬੱਚੇ ਸਦਾ ਹੀ ਵੱਡਿਆਂ ਦੀ ਨਿਗਰਾਨੀ ਵਿੱਚ ਹੋਣੇ ਚਾਹੀਦੇ ਹਨ**

**ਮਜ਼ੇ ਨਾਲ ਇਸ ਤਿਓਹਾਰ ਦਾ ਆਨੰਦ ਮਾਣੋ ਲੇਕਿਨ ਸੁਰਖਿੱਆ ਨੂੰ ਮੁੱਖ ਰੱਖੋ !**